# News Release

City of Mississauga
300 City Centre Drive
Mississauga, ON L5B 3C1

MISSISSAUGA

mississauga.ca facebook.com/citymississauga twitter.com/citymississauga

**Mississauga ਮੇਅਰ ਲਈ ਉਪ-ਚੋਣਾਂ 10 ਜੂਨ, 2024 ਨੂੰ ਹੋਣਗੀਆਂ**

31 ਜਨਵਰੀ, 2024

ਅੱਜ, Mississauga ਸਿਟੀ ਕਾਉਂਸਿਲ ਨੇ, ਮੇਅਰ ਦੀ ਸੀਟ ਭਰਨ ਵਾਸਤੇ, 2024 ਦੀਆਂ ਉਪ-ਚੋਣਾਂ ਦਾ ਸ਼ੈਡਿਊਲ (2024 by-election schedule) ਪ੍ਰਵਾਨ ਕੀਤਾ। ਮੇਅਰ ਲਈ ਉਪ-ਚੋਣਾਂ ਦੀ ਤਾਰੀਖ, ਸੋਮਵਾਰ, 10 ਜੂਨ, 2024 ਹੈ। ਕਾਉਂਸਿਲ ਨੇ ਅਧਿਕਾਰਤ ਤੌਰ ਤੇ, 17 ਜਨਵਰੀ, 2024 ਨੂੰ ਮੇਅਰ ਦੀ ਸੀਟ ਖਾਲੀ ਹੋਣ ਦਾ ਐਲਾਨ ਕੀਤਾ ਸੀ ਅਤੇ ਇਹ 6 ਮਾਰਚ, 2024 ਨੂੰ ਕਾਉਂਸਿਲ ਦੀ ਖਾਸ ਮੀਟਿੰਗ ਵਿੱਚ ਉਪ-ਚੋਣਾਂ ਆਯੋਜਿਤ ਕਰਨ ਲਈ, ਲੋੜੀਂਦਾ ਬਾਇ-ਲਾਅ ਪਾਸ ਕਰੇਗੀ।

ਵਿਧਾਨ ਦੇ ਮੁਤਾਬਕ, ਜਦੋਂ ਮੇਅਰ ਦੀ ਸੀਟ ਆਫਿਸ ਦੀ ਟਰਮ ਦੇ ਇਸ ਸਮੇਂ ਖਾਲੀ ਹੁੰਦੀ ਹੈ, ਤਾਂ ਵੈਕੈਂਸੀ (ਖਾਲੀ ਅਸਾਮੀ) ਭਰਨ ਲਈ ਉਪ-ਚੋਣਾਂ ਕਰਵਾਉਣਾ ਲਾਜ਼ਮੀ ਹੁੰਦਾ ਹੈ। Mississauga ਵਿੱਚ, ਵੈਕੈਂਸੀ, ਪੂਰਵ ਮੇਅਰ ਬੋਨੀ ਕ੍ਰੋਂਬੀ ਦੇ ਅਸਤੀਫੇ (resignation of former Mayor Bonnie Crombie) ਨਾਲ ਪੈਦਾ ਹੋਈ ਸੀ, ਜੋ 12 ਜਨਵਰੀ, 2024 ਨੂੰ ਪ੍ਰਭਾਵੀ ਹੋਇਆ ਸੀ। Mississauga ਲੈਜਿਸਲੇਟਿਵ ਸਰਵਿਸਿਜ ਐਂਡ ਸਿਟੀ ਕਲਰਕ, ਡਾਇਨਾ ਰੁਸਨੋਵ (Diana Rusnov) ਨੇ ਕਿਹਾ, "ਆਉਣ ਵਾਲੀਆਂ ਉਪ-ਚੋਣਾਂ, ਵਸਨੀਕਾਂ ਨੂੰ Mississauga ਦੇ ਮੇਅਰ ਦੀ ਮਹੱਤਵਪੂਰਣ ਭੂਮਿਕਾ ਸੰਭਾਲਣ ਲਈ ਉਮੀਦਵਾਰ ਚੁਣਨ ਦਾ ਮੌਕਾ ਦੇਣਗੀਆਂ। ਉਹਨਾਂ ਨੇ ਅੱਗੇ ਕਿਹਾ, "ਇੱਕ ਸਿਟੀ ਵਜੋਂ, ਅਸੀਂ ਨਿਰਪੱਖ ਅਤੇ ਪਹੁੰਚਯੋਗ ਚੋਣਾਂ ਲਈ ਵਚਨਬੱਧ ਹਾਂ, ਜੋ ਹਰੇਕ ਯੋਗ ਵੋਟਰ ਨੂੰ ਆਪਣਾ ਵੋਟ ਪਾਉਣ ਦਾ ਮੌਕਾ ਪ੍ਰਦਾਨ ਕਰਨ।"

## ਉਪ-ਚੋਣਾਂ ਦਾ ਸ਼ੈਡਿਊਲ

- 6 ਮਾਰਚ, 2024 – ਮੇਅਰ ਲਈ ਬਾਇ-ਚੋਣਾਂ ਲੜਨ ਦੇ ਇਛੁੱਕ ਉਮੀਦਵਾਰਾਂ ਲਈ, ਉਮੀਦਵਾਰ ਨਾਮਾਂਕਣ ਮਿਆਦ ਦੁਪਹਿਰ ਬਾਅਦ 3 ਵਜੇ ਸ਼ੁਰੂ ਹੋਵੇਗੀ
- 26 ਅਪ੍ਰੈਲ, 2024 – ਉਮੀਦਵਾਰ ਨਾਮਾਂਕਣ ਮਿਆਦ ਦੁਪਹਿਰ ਬਾਅਦ 2 ਵਜੇ ਬੰਦ ਹੋ ਜਾਵੇਗੀ
- 24 ਮਈ ਅਤੇ 25 ਮਈ, 2024 – ਸਿਵਿਕ ਸੈਂਟਰ ਵਿਖੇ, ਐਡਵਾਂਸ ਪੋਲ (Advance Poll) ਦਿਨ ਆਯੋਜਿਤ ਕੀਤੇ ਜਾਣਗੇ
- 1 ਜੂਨ, 2024 ਅਤੇ 2 ਜੂਨ, 2024 – ਪੂਰੇ ਸ਼ਹਿਰ ਦੀ ਥਾਵਾਂ ਵਿਖੇ ਐਡਵਾਂਸਡ ਪੋਲਸ ਸ਼ੁਰੂ ਹੋਣਗੇ
- 10 ਜੂਨ, 2024 – ਵੋਟਿੰਗ ਡੇ (Voting Day)

## ਕਾਰਜਕਾਰੀ ਮੇਅਰ

ਜਦੋਂ ਤੱਕ ਵੈਕੈਂਸੀ ਨਹੀਂ ਭਰਦੀ, ਉਦੋਂ ਤੱਕ ਵਾਰਡ ਦੇ ਮੁਤਾਬਕ, ਉੱਪਰਲੇ ਕ੍ਰਮ ਦੇ ਅਧਾਰ ਤੇ ਹਰੇਕ ਦੋ ਮਹੀਨਿਆਂ ਵਿੱਚ ਕਾਉਂਸਲਰਸ ਦੀ ਪੋਜੀਸ਼ਨ ਬਦਲੀ ਜਾਂਦੀ ਹੈ।

ਉਪ-ਚੋਣਾਂ ਬਾਰੇ ਵਧੇਰੇ ਜਾਣਕਾਰੀ ਲਈ, mississauga.ca/council/elections/ ਤੇ ਜਾਓ।

## ਪਿਛੋਕੜ:

ਪ੍ਰੋਵਿੰਸੀਅਲ ਕਨੂੰਨ ਹੇਠ, ਜਦੋਂ ਕਾਉਂਸਿਲ ਦਾ ਕੋਈ ਮੈਂਬਰ ਅਸਤੀਫਾ ਦਿੰਦਾ ਹੈ, ਤਾਂ ਸਿਟੀ ਕਾਉਂਸਿਲ ਲਈ ਲਾਜ਼ਮੀ ਹੁੰਦਾ ਹੈ ਕਿ ਉਹ ਆਪਣੀ ਅਗਲੀ ਮੀਟਿੰਗ ਵਿੱਚ ਸੀਟ ਖਾਲੀ ਹੋਣ ਦਾ ਐਲਾਨ ਕਰੇ, ਜਿਸਦੇ ਬਾਅਦ ਵੈਕੈਂਸੀ ਭਰਨ ਲਈ ਜਾਂ ਉਪ-ਚੋਣਾਂ ਲਈ ਲੋੜੀਂਦਾ ਬਾਇ-ਲਾਅ ਪਾਸ ਕਰਨ ਲਈ, ਯੋਗ ਇਲੈਕਟਰ ਨਿਯੁਕਤ ਕਰਨ ਲਈ 60 ਦਿਨਾਂ ਦਾ ਸਮਾਂ ਹੁੰਦਾ ਹੈ।

*ਮਿਊਨਿਸਿਪਲ ਐਕਟ ਦੇ s.284.12 (s.284.12of the Municipal Act)* ਦੇ ਮੁਤਾਬਕ, ਕਾਉਂਸਿਲ ਦੇ ਹੈੱਡ (ਮੇਅਰ) ਨੂੰ ਨਿਯੁਕਤ ਨਹੀਂ ਕੀਤਾ ਜਾ ਸਕਦਾ। ਮਿਊਨਿਸਿਪਲ ਇਲੈਕਸ਼ਨਸ ਐਕਟ, 1996 (Municipal Elections Act, 1996) ਦੇ ਮੁਤਾਬਕ, ਖਾਲੀ ਪੋਜੀਸ਼ਨ ਨੂੰ ਭਰਨ ਲਈ, ਉਪ-ਚੋਣਾਂ ਕਰਵਾਉਣਾ ਲਾਜ਼ਮੀ ਹੈ

## ਫੋਟੋ:




-30-

**ਮੀਡੀਆ ਸੰਪਰਕ:**

City of Mississauga Media Relations
media@mississauga.ca
905-615-3200, ਐਕਸਟੈਨਸ਼ਨ 5232
TTY: 905-896-5151